# 4

# ‘‘ਉੱਠ, ਅਤੇ ਬਪਤਿਸਮਾ ਲੈ’’ (1)

ਪਿਛਲੇ ਪਾਠ ਦੀ ਭੂਮਿਕਾ ਵਿਚ ਉਨ੍ਹਾਂ ਲੋਕਾਂ ਬਾਰੇ ਦੱਸਿਆ ਗਿਆ ਸੀ ਜਿਨ੍ਹਾਂ ਦੇ ਕਹਿਣ ਤੋਂ ਭਾਵ ਸੀ ਕਿ ‘‘ਬਚਾਏ ਜਾਣ ਲਈ ਅਸੀਂ ਕੀ ਕਰੀਏ?’’ ਹਰ ਸਵਾਲ ਦੇ ਜਵਾਬ ਵਿਚ ਬਪਤਿਸਮਾ ਹੀ ਆਇਆ ਸੀ। ਯਹੂਦੀਆਂ ਦੇ ਸਵਾਲ ਦਾ ਕਿ ‘‘ਹੇ ਭਾਈਓ ਅਸੀਂ ਕੀ ਕਰੀਏ?’’ (ਰਸੂਲਾਂ ਦੇ ਕੰਮ 2:37), ਪਤਰਸ ਨੇ ਜਵਾਬ ਦਿੱਤਾ ਸੀ, ‘‘ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ *ਬਪਤਿਸਮਾ* ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ’’ (ਰਸੂਲਾਂ ਦੇ ਕੰਮ 2:38)। ਸੌਲੁਸ ਦੇ ਇਹ ਪੁੱਛਣ ਤੇ ਕਿ ‘‘ਹੇ ਪ੍ਰਭੂ ਮੈਂ ਕੀ ਕਰਾਂ?’’ (ਰਸੂਲਾਂ ਦੇ ਕੰਮ 22:10) ਜਵਾਬ ਲਈ ਉਹਨੂੰ ਸ਼ਹਿਰ ਵਿਚ ਭੇਜ ਦਿੱਤਾ ਗਿਆ। ਉੱਥੇ ਇਕ ਪ੍ਰਚਾਰਕ ਉਹਦੇ ਕੋਲ ਆ ਕੇ ਕਹਿਣ ਲੱਗਾ, ‘‘ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹਦਾ ਨਾਮ ਲੈਂਦਾ ਹੋਇਆ *ਬਪਤਿਸਮਾ* ਲੈ ਅਤੇ ਆਪਣੇ ਪਾਪ ਧੋ ਸੁੱਟ’’ (ਰਸੂਲਾਂ ਦੇ ਕੰਮ 22:16)। ਦਰੋਗੇ ਦੇ ਇਸ ਸਵਾਲ ਤੇ ਕਿ ‘‘ਹੇ ਮਹਾਂ ਪੁਰਖੋ, ਮੈਂ ਕੀ ਕਰਾਂ ਜਿਸ ਤੋਂ ਬਚਾਇਆ ਜਾਵਾਂ’’ (ਰਸੂਲਾਂ ਦੇ ਕੰਮ 16:30), ਉਹਨੂੰ ਵਿਸ਼ਵਾਸ ਕਰਨ ਲਈ ਕਿਹਾ ਗਿਆ (ਰਸੂਲਾਂ ਦੇ ਕੰਮ 16:31)। ਉਹਨੂੰ ਅਤੇ ਉਹਦੇ ਪਰਿਵਾਰ ਨੂੰ ਪ੍ਰਮੇਸ਼ਵਰ ਦਾ ਵਚਨ ਸਿਖਾਇਆ ਗਿਆ; ਫਿਰ ‘‘ਉਸ ਨੇ ਅਰ ਉਸ ਦੇ ਸਾਰੇ ਘਰ ਦਿਆਂ ਨੇ ਓਸੇ ਵੇਲੇ *ਬਪਤਿਸਮਾ* ਲਿਆ’’ (ਰਸੂਲਾਂ ਦੇ ਕੰਮ 16:33)।

ਹੁਣ ਤਕ ਅਸੀਂ ਵਿਸ਼ਵਾਸ, ਤੌਬਾ ਅਤੇ ਇਕਰਾਰ ਦੀ ਲੋੜ ਨੂੰ ਸਾਬਤ ਕੀਤਾ ਹੈ। ਇਸ ਪਾਠ ਵਿਚ ਅਸੀਂ ਵੇਖਾਂਗੇ ਕਿ ਪ੍ਰਭੂ ਨੂੰ ਕਬੂਲ ਕਰਨ ਲਈ ਮਸੀਹ ਵਿਚ ਬਪਤਿਸਮਾ ਵੀ ਜ਼ਰੂਰੀ ਹੈ। ਵਿਸ਼ਵਾਸ, ਤੌਬਾ ਅਤੇ ਇਕਰਾਰ ਦੇ ਵਿਸ਼ੇ ਤੇ ਕੁਝ ਵਿਵਾਦ ਹੈ; ਪਰ ਬਪਤਿਸਮੇ ਬਾਰੇ ਅਸਹਿਮਤੀ ਬਹੁਤ ਪੁਰਾਣੀ ਹੈ। ਤਾਂ ਵੀ, ਇਹੋ ਜਿਹੇ ਵਿਵਾਦ ਨਵੇਂ ਨੇਮ ਦੇ ਸਮੇਂ ਨਹੀਂ ਸਨ। ਯਿਸੂ ਦੇ ਪਿੱਛੇ ਚੱਲਣ ਦਾ ਫ਼ੈਸਲਾ ਕਰਨ ਵਾਲੇ ਸਭ ਲੋਕਾਂ ਨੂੰ ਬਪਤਿਸਮਾ ਦੇਣ ਬਾਰੇ ਕੋਈ ਸ਼ੱਕ ਨਹੀਂ ਹੈ।

## ਬਪਤਿਸਮਾ: ਕੀ ਹੈ?

ਇਸ ਤੋਂ ਪਹਿਲਾਂ ਕਿ ਅਸੀਂ ਬਪਤਿਸਮੇ ਬਾਰੇ ਗੱਲ ਕਰੀਏ, ਇਹ ਸਮਝ ਲੈਣਾ ਜ਼ਰੂਰੀ ਹੈ ਕਿ ਇਸ ਸ਼ਬਦ ਦਾ ਅਰਥ ਕੀ ਹੈ। ‘‘ਬਪਤਿਸਮਾ’’ ਯੂਨਾਨੀ ਭਾਸ਼ਾ ਤੋਂ ਲਿਆ ਗਿਆ ਸ਼ਬਦ ਹੈ। ਕਈ ਸਾਲ ਪਹਿਲਾਂ, ਯੂਨਾਨੀ ਸ਼ਬਦ ਦਾ ਅਨੁਵਾਦ ਕੀਤੇ ਬਗੈਰ ਇਹਨੂੰ ਉਵੇਂ ਦਾ

ਉਵੇਂ ਸਥਾਨਕ ਭਾਸ਼ਾਵਾਂ ਵਿਚ ਸ਼ਾਮਲ ਕਰ ਲਿਆ ਗਿਆ, [ਜਿਨ੍ਹਾਂ ਵਿੱਚੋਂ ਪੰਜਾਬੀ ਵੀ ਇਕ ਹੈ- ਅਨੁਵਾਦਕ]।[1] ਯੂਨਾਨੀ ਭਾਸ਼ਾ ਵਿਚ ''ਬਪਤਿਸਮਾ'' ਕੁਝ ਇਸ ਤਰ੍ਹਾਂ ਲਿਖਿਆ ਜਾਂਦਾ ਹੈ:[2]

## βαπτισμος

ਯੂਨਾਨੀ ਸ਼ਬਦ ਦੇ ਦੋ ਰੂਪ ਹਨ: *ਬੈਪਟਿਸਮੌਸ* (ਉੱਪਰ ਦਿੱਤਾ ਰੂਪ) ਅਤੇ ਬੈਪਟਿਸਮਾ। ਇਹਦਾ ਕ੍ਰਿਆ ਰੂਪ *ਬੈਪਟਿਜ਼ੋ* ਹੈ। ਤੁਸੀਂ ਵੇਖ ਸਕਦੇ ਹੋ ਕਿ ਇਹ ਸ਼ਬਦ ''ਬਪਤਿਸਮਾ'' ਅਤੇ ''ਬਪਤਿਸਮਾ ਦੇਣਾ'' ਨਾਲ ਕਿੰਨੇ ਮਿਲਦੇ ਜੁਲਦੇ ਹਨ।

''ਬਪਤਿਸਮਾ ਦੇਣਾ'' ਸ਼ਬਦ ਦਾ ਕੀ ਅਰਥ ਹੈ? ਇਹਦੇ ਲਈ ਕਿਸੇ ਅੰਗ੍ਰੇਜ਼ੀ ਸਬਦਕੋਸ਼ ਵਿੱਚੋਂ "baptize" ਸ਼ਬਦ ਨੂੰ ਵੇਖਣ ਤੇ ਤੁਹਾਨੂੰ ਇਹਦੇ ਕਈ ਅਰਥ ਮਿਲ ਜਾਣਗੇ, ਪਰ ਯਾਦ ਰੱਖੋ ਕਿ ਸ਼ਬਦਕੋਸ਼ਾਂ ਜਾਂ ਡਿਕਸ਼ਨਰੀਆਂ ਤੋਂ ਤੁਹਾਨੂੰ ਸਿਰਫ਼ ਇਹਦਾ ਮੌਜੂਦਾ ਸਮੇਂ ਵਿਚ ਵਰਤਿਆ ਜਾਣ ਵਾਲਾ ਅਰਥ ਹੀ ਮਿਲਦਾ ਹੈ, ਬਾਈਬਲ ਦੇ ਮੁਤਾਬਿਕ ਨਹੀਂ। ਕਿਸੇ *ਯੂਨਾਨੀ* ਡਿਕਸ਼ਨਰੀ ਵਿੱਚੋਂ ਜਿਸ ਨੂੰ ਲੈਕਸਿਕਨ ਕਿਹਾ ਜਾਂਦਾ ਹੈ, *baptizo* ਦਾ ਅਰਥ ਲੱਭਿਆ ਜਾ ਸਕਦਾ ਹੈ। ਬੈਗਸਟਰ ਦੀ Bagster's *Analytical Greek Lexicon* ਵੇਖਣ ਤੇ ਤੁਸੀਂ ਪਾਓਗੇ ਕਿ *ਬੈਪਟਿਜ਼ੋ* ਦਾ ਮੂਲ *ਬੈਪਟੋ* ਹੈ। ਸ਼ਬਦਾਂ ਦੇ ਇਸ ਪਰਿਵਾਰ 'ਚੋਂ ਜੋ ਜਾਣਕਾਰੀ ਤੁਹਾਨੂੰ ਮਿਲੇਗੀ ਉਹਦਾ ਸਾਰ ਇਹ ਹੈ:

> *bapto,* ... ਗੋਤਾ ਲਾਉਣਾ। ...
> *baptizo,* ... ਗੋਤਾ ਲਾਉਣਾ, ਡੁਬਕੀ। ...
> *baptisma,* ... ਡੁਬਕੀ। ...
> *baptismos,* ... ਗੋਤਾ ਜਾਂ ਡੁਬਕੀ ਦੇਣ ਦਾ ਕੰਮ। ...

''ਬਪਤਿਸਮਾ ਦੇਣਾ'' ਦਾ ਸਰਲ ਅਰਥ ਹੈ ''ਡੁਬਕੀ ਦੇਣਾ,'' ਅਤੇ ''ਬਪਤਿਸਮਾ'' ਦਾ ਅਰਥ ਹੈ ''ਡੁਬਕੀ।'' ਪਤਰਸ ਨੇ ਆਪਣੇ ਸੁਣਨ ਵਾਲਿਆਂ ਨੂੰ ਕਿਹਾ ਸੀ, ''ਤੌਬਾ ਕਰੋ, ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ... *ਡੁਬਕੀ* ਲਵੇ।'' ਹਨਨੀਆ ਨੇ ਸੌਲੁਸ ਨੂੰ ਕਿਹਾ ਸੀ, ''ਉੱਠ ... *ਡੁਬਕੀ* ਲੈ ਅਤੇ ਆਪਣੇ ਪਾਪ ਧੋ ਸੁੱਟ।''

''ਬਪਤਿਸਮਾ'' ਉਸ *ਤੱਤ* ਨੂੰ ਨਹੀਂ ਵਿਖਾਉਂਦਾ ਜਿਸ ਵਿਚ ਡੁਬਕੀ ਲੈਣੀ ਹੈ। ਯਿਸੂ ਨੇ ਦੁੱਖਾਂ ਦਾ ਬਪਤਿਸਮਾ (ਡੁਬਕੀ) ਲਿਆ ਸੀ (ਵੇਖੋ ਮਰਕੁਸ 10:38, 39; ਲੂਕਾ 12:50)। ਰਸੂਲਾਂ ਨੂੰ ਪਵਿੱਤਰ ਆਤਮਾ ਦੀ ਸਮਰੱਥਾ ਵਿਚ ਬਪਤਿਸਮਾ (ਡੁਬਕੀ) ਦਿੱਤਾ ਗਿਆ ਸੀ (ਮੱਤੀ 3:11; ਰਸੂਲਾਂ ਦੇ ਕੰਮ 1:5; 2:1-4)। ਜਿਸ ਬਪਤਿਸਮੇ ਦਾ ਅਸੀਂ ਅਧਿਐਨ ਕਰਾਂਗੇ, ਉਹ *ਪਾਣੀ* ਵਿਚ ਡੁਬਕੀ ਹੀ ਹੈ (ਜਿਵੇਂ ਰਸੂਲਾਂ ਦੇ ਕੰਮ 8:36-38; 10:47, 48 ਵਿਚ ਵਿਖਾਇਆ ਗਿਆ ਹੈ)।

ਬਪਤਿਸਮੇ ਦੇ ਮੂਲ ਅਰਥ ਡੁਬਕੀ ਨੂੰ ਹੀ ਦਿਮਾਗ਼ 'ਚ ਰੱਖੋ। ਅਧਿਐਨ ਵਿਚ ਅੱਗੇ ਵਧਣ ਤੇ ਇਹ ਸਾਨੂੰ ਜ਼ਿਆਦਾ ਉਲਝਣ ਵਿਚ ਪੈਣ ਤੋਂ ਬਚਾਵੇਗਾ।

ਇਸ ਅਤੇ ਅਗਲੇ ਪਾਠ ਵਿਚ, ਅਸੀਂ ਤਿੰਨ ਸਵਾਲ ਪੁੱਛਾਂਗੇ: ''ਬਪਤਿਸਮਾ *ਕਿਉਂ* ਲੈਣਾ ਜ਼ਰੂਰੀ ਹੈ?''; ''ਬਪਤਿਸਮਾ *ਕਿਵੇਂ* ਹੋਣਾ ਜ਼ਰੂਰੀ ਹੈ?''; ਅਤੇ ''ਬਪਤਿਸਮਾ *ਕਿਸ*

ਨੂੰ ਲੈਣਾ ਜ਼ਰੂਰੀ ਹੈ?'' ਆਓ ''ਕਿਉਂ?'' ਨਾਲ ਸ਼ੁਰੂਆਤ ਕਰਦੇ ਹਾਂ।

## ਯਿਸੂ ਦੀਆਂ ਹਦਾਇਤਾਂ (ਮਰਕੁਸ 16)

ਆਪਣੇ ਚੇਲਿਆਂ ਨੂੰ ਗ੍ਰੇਟ ਕਮਿਸ਼ਨ ਅਰਥਾਤ ਸਭ ਤੋਂ ਵੱਡਾ ਹੁਕਮ ਦਿੰਦਿਆਂ ਯਿਸੂ ਨੇ ਕਿਹਾ ਸੀ:

> ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ[3] ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਕਿ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਯੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ (ਮੱਤੀ 28:19, 20)।

### ਯਿਸੂ ਦੀ ਤਰਤੀਬ

ਮਰਕੁਸ ਦੁਆਰਾ ਦਿੱਤੇ ਗ੍ਰੇਟ ਕਮਿਸ਼ਨ ਦੇ ਵਿਰਤਾਂਤ ਵਿਚ ਇਸ ਤਰ੍ਹਾਂ ਲਿਖਿਆ ਹੈ: ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ'' (ਮਰਕੁਸ 16:15, 16)।[4] ਯਿਸੂ ਇਸ ਨਾਲੋਂ ਹੋਰ ਅਸਾਨ ਬਣਾ ਕੇ ਨਹੀਂ ਕਹਿ ਸਕਦਾ ਸੀ ਯਾਨੀ ਜੇ ਅਸੀਂ ਬਚਾਏ ਜਾਣਾ ਚਾਹੁੰਦੇ ਹਾਂ ਤਾਂ ਸਾਡੇ ਲਈ ਵਿਸ਼ਵਾਸ ਕਰਕੇ ਬਪਤਿਸਮਾ ਲੈਣਾ ਜ਼ਰੂਰੀ ਹੈ।

ਇਕ ਵਾਰ ਮੈਂ ਅਜਿਹੇ ਆਦਮੀ ਨਾਲ ਬਾਈਬਲ ਅਧਿਐਨ ਕਰ ਰਿਹਾ ਸਾਂ, ਜਿਹਦੇ ਮਨ 'ਚ ਪਹਿਲਾਂ ਤੋਂ ਬਪਤਿਸਮੇ ਦੇ ਖ਼ਿਲਾਫ਼ ਵਿਚਾਰ ਸੀ। ਅਸੀਂ ਬਪਤਿਸਮੇ ਦਾ ਮਕਸਦ ਦੱਸਣ ਵਾਲੀਆਂ ਆਇਤਾਂ ਵਿੱਚੋਂ ਵੇਖਿਆ, ਪਰ ਉਹਨੇ ਉਨ੍ਹਾਂ ਆਇਤਾਂ ਵਿਚ ਦਿੱਤੀ ਗਈ ਸਪਸ਼ਟ ਸਿੱਖਿਆ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਅਖ਼ੀਰ ਵਿਚ, ਮੈਂ ਪੁੱਛਿਆ, ''ਜੇ ਪ੍ਰਭੂ ਦੀ ਇੱਛਾ ਇਹ ਸਿਖਾਉਣ ਦੀ ਹੁੰਦੀ *ਸੀ* ਕਿ ਬਚਾਏ ਜਾਣ ਲਈ ਬਪਤਿਸਮਾ ਜ਼ਰੂਰੀ ਹੈ ਤਾਂ ਉਹ ਇਹਨੂੰ ਹੋਰ ਵਧੀਆ ਢੰਗ ਨਾਲ ਕਿਵੇਂ ਦੱਸ ਸਕਦਾ ਸੀ?'' ਉਹਨੇ ਇਕ ਪਲ ਲਈ ਸੋਚਿਆ ਅਤੇ ਕਿਹਾ, ''ਜੇ ਬਪਤਿਸਮਾ ਬਿਲਕੁਲ ਹੀ ਜ਼ਰੂਰੀ ਸੀ, ਤਾਂ ਮੈਨੂੰ ਲਗਦਾ ਹੈ ਕਿ ਪ੍ਰਭੂ ਨੇ ਇਸ ਤਰ੍ਹਾਂ ਕਹਿਣਾ ਸੀ ਕਿ 'ਜਿਹੜਾ ਵਿਸ਼ਵਾਸ ਕਰੇ *ਅਤੇ* ਬਪਤਿਸਮਾ ਲਵੇ ਉਹੀ ਬਚਾਇਆ ਜਾਵੇਗਾ।' '' ਉਹ ਇਹ ਜਾਣ ਕੇ ਹੈਰਾਨ ਰਹਿ ਗਿਆ ਕਿ ਇਨ੍ਹਾਂ ਸਭ ਵਿਹਾਰਕ ਮਕਸਦਾਂ ਲਈ ਉਹਨੇ ਮਰਕੁਸ 16:16 ਵਿਚ ਕਹੀ ਪ੍ਰਭੂ ਦੀ ਗੱਲ ਹੀ ਦੁਹਰਾਈ ਸੀ।

ਮਰਕੁਸ 16:16 ਬਿਲਕੁਲ ਸਪਸ਼ਟ ਹੈ, ਪਰ ਕਦੇ ਕਦੇ ਇਹ ਰੌਲਾ ਸੁਣਦਾ ਹੈ ਕਿ ''ਇਸ ਆਇਤ ਦੇ ਆਖ਼ਰੀ ਭਾਗ ਵਿਚ ਇਹ ਨਹੀਂ ਕਿਹਾ ਗਿਆ ਕਿ ਜਿਹੜਾ ਵਿਸ਼ਵਾਸ ਨਾ ਕਰੇ *ਅਤੇ ਬਪਤਿਸਮਾ ਨਾ ਲਵੇ* ਉਹ ਦੋਸ਼ੀ ਠਹਿਰੇਗਾ। ਇਸ ਵਿਚ ਸਿਰਫ਼ ਇਹੀ ਕਿਹਾ ਗਿਆ ਹੈ ਕਿ ਜਿਹੜਾ *ਪਰਤੀਤ* ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ।'' ਇਸ ਤਰਕ ਲਈ ਮੇਰਾ ਜਵਾਬ ਇਹ ਹੈ ਕਿ ਆਇਤ ਦੇ ਆਖ਼ਰੀ ਭਾਗ ਵਿਚ ਬਪਤਿਸਮੇ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸੀ।

ਜ਼ਰਾ ਸੋਚੋ: ਆਇਤ 16 ਦੇ ਪਹਿਲੇ ਭਾਗ ਵਿਚ, ਵਿਸ਼ਵਾਸ ਬਪਤਿਸਮੇ ਤੋਂ ਪਹਿਲਾਂ

ਆਉਂਦਾ ਹੈ। ਵਿਸ਼ਵਾਸ ਜਾਂ ਪਰਤੀਤ ਜਾਂ ਨਿਹਚਾ ਪ੍ਰਭੂ ਨੂੰ ਦਿੱਤੇ ਸਾਡੇ ਸਭ ਜਵਾਬਾਂ ਦਾ ਅਧਾਰ ਹੈ। ਜਿਵੇਂ ਯਿਸੂ ਵਿਚ ਵਿਸ਼ਵਾਸ ਕੀਤੇ ਬਿਨਾਂ ਤੌਬਾ ਜਾਂ ਇਕਰਾਰ ਨਹੀਂ ਹੋ ਸਕਦਾ, ਉਵੇਂ ਹੀ, ਯਿਸੂ ਵਿਚ ਵਿਸ਼ਵਾਸ ਕੀਤੇ ਬਿਨਾਂ ਬਾਈਬਲ ਦੇ ਅਨੁਸਾਰ ਬਪਤਿਸਮਾ ਨਹੀਂ ਦਿੱਤਾ ਜਾ ਸਕਦਾ। ਵਿਸ਼ਵਾਸ ਨੂੰ ਖਾਰਿਜ ਕਰਕੇ ਜਿਵੇਂ ਆਇਤ 16 ਦੇ ਆਖ਼ਰੀ ਭਾਗ ਵਿਚ ਹੈ, ਵਿਸ਼ਵਾਸ ਵੀ ਜਿਸ ਵਿਚ ਬਪਤਿਸਮਾ ਲੈਣਾ ਵੀ ਸ਼ਾਮਲ ਹੈ, ਦਾ *ਕਿਸੇ ਵੀ ਤਰ੍ਹਾਂ ਦਾ* ਕਬੂਲ ਕੀਤਾ ਜਾਣਾ ਖਾਰਿਜ ਹੋ ਜਾਂਦਾ ਹੈ। ਇਸ ਕਰਕੇ ''ਅਤੇ ਬਪਤਿਸਮਾ ਨਾ ਲਵੇ'' ਜੋੜਨ ਦੀ ਕੋਈ ਲੋੜ ਨਹੀਂ ਸੀ।

ਇਸ ਵਿਚਾਰ ਨੂੰ ਸਮਝਾਉਣ ਲਈ ਆਓ ਮੰਨ ਲੈਂਦੇ ਹਾਂ ਕਿ ਮੈਂ ਇਕ ਗੁਦਾਮ ਬਣਾਉਣ ਲਈ ਤੁਹਾਡੇ ਨਾਲ ਠੇਕਾ ਕੀਤਾ ਹੈ ਅਤੇ ਮੈਂ ਤੁਹਾਨੂੰ ਕਹਿੰਦਾ ਹਾਂ, ''ਜੇ ਤੁਸੀਂ ਇਸ ਗੁਦਾਮ ਨੂੰ ਬਣਾ ਕੇ ਇਸ ਤੇ ਲਾਲ ਪੇਂਟ ਕਰ ਦਿਓ ਤਾਂ ਮੈਂ ਤੁਹਾਨੂੰ 1,00,000 ਰੁਪਏ ਦਿਆਂਗਾ'' ਤੁਸੀਂ ਸਮਝ ਜਾਓਗੇ ਕਿ 1,00,000 ਪਾਉਣ ਲਈ ਤੁਹਾਡੇ ਲਈ ਦੋ ਕੰਮ ਕਰਨੇ ਜ਼ਰੂਰੀ ਹਨ: (1) ਗੁਦਾਮ ਨੂੰ ਬਣਾਉਣਾ ਅਤੇ (2) ਇਸ ਨੂੰ ਲਾਲ ਪੇਂਟ ਕਰਨਾ। ਜੇ ਮੈਂ ਇਹ ਜੋੜ ਦਿਆਂ, ''ਪਰ ਜੇ ਤੁਸੀਂ ਗੁਦਾਮ ਨੂੰ ਨਹੀਂ ਬਣਾਉਂਦੇ, ਤਾਂ ਮੈਂ ਤੁਹਾਨੂੰ 1,00,000 ਰੁਪਏ ਨਹੀਂ ਦਿਆਂਗਾ'' ਤਾਂ ਇਹਦਾ ਕੀ ਮਤਲਬ ਹੋਵੇਗਾ? ਕੀ ਤੁਸੀਂ ਦੂਜੀ ਵਾਰ ਤੋਂ ਇਹ ਨਿਚੋੜ ਕੱਢੋਗੇ ਕਿ ਗੁਦਾਮ ਨੂੰ ਲਾਲ ਪੇਂਟ ਕਰਨਾ ਜ਼ਰੂਰੀ ਹੈ? ਨਹੀਂ, ਤੁਸੀਂ ਸਮਝ ਜਾਓਗੇ ਕਿ ਗੁਦਾਮ ਨੂੰ ਬਣਾਉਣ ਵਿਚ ਨਕਾਮ ਹੋਣਾ ਆਪਣੇ ਆਪ ਹੀ ਗੁਦਾਮ ਨੂੰ ਪੇਂਟ ਕਰਨ ਦੀ ਗੱਲ ਖਾਰਿਜ ਕਰ ਦੇਵੇਗਾ। ਆਖ਼ਿਰ, ਅਜਿਹੇ ਗੁਦਾਮ ਨੂੰ ਜਿਹੜਾ ਹੈ ਹੀ ਨਹੀਂ, ਪੇਂਟ ਕਿਵੇਂ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ, ਜੇ ਕੋਈ ਯਿਸੂ ਵਿਚ ਵਿਸ਼ਵਾਸ ਹੀ ਨਹੀਂ ਕਰਦਾ ਤਾਂ ਉਹਨੂੰ ਵਚਨ ਦੇ ਮੁਤਾਬਕ ਬਪਤਿਸਮਾ ਨਹੀਂ ਦਿੱਤਾ ਜਾ ਸਕਦਾ।

ਫਿਰ, ਮਰਕੁਸ 16:15, 16 ਦੀ ਸਹਿਜਤਾ ਨੂੰ ਵੇਖੋ। ਪ੍ਰਮੇਸ਼ਵਰ ਦੀ ਯੋਜਨਾ ਇਕ ਇਕ ਕਦਮ ਪੁੱਟਦਿਆਂ ਅੱਗੇ ਵਧਣ ਨਾਲ ਦਿੱਤੀ ਗਈ ਹੈ:

(1) ਪ੍ਰਚਾਰ (ਸਿਖਾਉਣਾ)
(2) ਵਿਸ਼ਵਾਸ
(3) ਬਪਤਿਸਮਾ
(4) ਬਚਾਏ ਜਾਣਾ

**ਮਨੁੱਖਾਂ ਦੀ ਮੁੜ ਬਣਾਈ ਗਈ ਤਰਤੀਬ**

ਅਫ਼ਸੋਸ ਦੀ ਗੱਲ ਹੈ ਕਿ ਇਨਸਾਨ ਕਦੇ ਵੀ ਸੰਤੁਸ਼ਟ ਨਹੀਂ ਹੋਇਆ ਅਤੇ ਉਹਨੇ ਨਹੀਂ ਚਾਹਿਆ ਕਿ ਉਹ ਪ੍ਰਭੂ ਦੀ ਸਾਦਗੀ ਨੂੰ ਉਵੇਂ ਹੀ ਰਹਿਣ ਦੇਵੇ (ਪੜ੍ਹੋ 2 ਕੁਰਿੰਥੀਆਂ 11:3)। ਪਿਛਲੇ ਇਕ ਪਾਠ ਵਿਚ, ਅਸੀਂ ਬੱਚਿਆਂ ਦੇ ਆਦਮ ਦੇ ਪਾਪ ਦੇ ਦੋਸ਼ ਨਾਲ ਜਨਮ ਲੈਣ ਦੀ ਸਿੱਖਿਆ ਤੇ ਚਰਚਾ ਕੀਤੀ ਸੀ। ਕਈ ਲੋਕ ਇਹ ਜ਼ੋਰ ਦਿੰਦੇ ਹਨ ਕਿ ਬਪਤਿਸਮਾ[5] ਉਸ ਦੋਸ਼ ਨੂੰ ਮਿਟਾਉਣ ਲਈ ਜ਼ਰੂਰੀ ਹੈ। ਉਨ੍ਹਾਂ ਦੀ ਸਿੱਖਿਆ ਮੁਤਾਬਕ, ਜੇ ਕਿਸੇ ਬੱਚੇ ਦੀ ਮੌਤ ਬਪਤਿਸਮੇ ਦੇ ਬਿਨਾਂ ਹੋ ਜਾਵੇ ਤਾਂ ਉਹ ਸਵਰਗ ਵਿਚ ਨਹੀਂ ਜਾ ਸਕਦਾ।[6] ''ਨਵਜੰਮੇ ਬੱਚਿਆਂ ਦੇ ਬਪਤਿਸਮੇ'' ਦੀ ਹਮਾਇਤ ਕਰਨ ਵਾਲੇ ਕਹਿੰਦੇ ਹਨ ਕਿ ''ਬਪਤਿਸਮਾ ਪਾਏ ਹੋਏ'' ਲਈ ਇਕ ਖ਼ਾਸ

ਉਮਰ ਤਕ ਪਹੁੰਚਣ ਤੇ ਉਹਨੂੰ ਸਿਖਾਉਣਾ ਅਤੇ ''ਕਨਫ਼ਰਮ''[7] ਕਰਨਾ ਜ਼ਰੂਰੀ ਹੁੰਦਾ ਹੈ। ਉਹ ਪ੍ਰਭੂ ਦੇ ਹੁਕਮ ਨੂੰ ਇਸ ਤਰ੍ਹਾਂ ਮੁੜ ਤਰਤੀਬ ਦਿੰਦੇ ਹਨ:

(1) ਬਪਤਿਸਮਾ
(2) ਬਚਾਏ ਜਾਣਾ
(3) ਸਿਖਾਉਣਾ
(4) ਵਿਸ਼ਵਾਸ

ਸਾਫ਼ ਹੈ ਕਿ ਇਹ ਤਰਤੀਬ ਪ੍ਰਭੂ ਵੱਲੋਂ ਦਿੱਤੀ ਤਰਤੀਬ ਨਹੀਂ ਹੈ:

| ਯਿਸੂ | ਮਨੁੱਖ (ਓ) |
|---|---|
| (1) ਪ੍ਰਚਾਰ (ਸਿਖਾਉਣਾ) | (1) ਬਪਤਿਸਮਾ |
| (2) ਵਿਸ਼ਵਾਸ | (2) ਬਚਾਏ ਜਾਣਾ |
| (3) ਬਪਤਿਸਮਾ | (3) ਸਿਖਾਉਣਾ |
| (4) ਬਚਾਏ ਜਾਣਾ | (4) ਵਿਸ਼ਵਾਸ |

ਸੰਸਾਰ ਦੇ ਕੁਝ ਭਾਗਾਂ ਵਿਚ, ਇਕ ਅਜਿਹੀ ਸਿੱਖਿਆ ਪਾਈ ਜਾਂਦੀ ਹੈ ਜਿਹਦੀ ਚਰਚਾ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ। ਉਸ ਸਿੱਖਿਆ ਨੂੰ ''ਸਿਰਫ਼ ਯਿਸੂ'' ਵੱਲੋਂ ਬਚਾਏ ਜਾਣ ਦੀ ਸਿੱਖਿਆ ਕਿਹਾ ਜਾਂਦਾ ਹੈ। ਇਹ ਵਿਚਾਰ ਪੇਸ਼ ਕਰਨ ਵਾਲੇ ਲੋਕ ਸਾਨੂੰ ਦੱਸਦੇ ਹਨ ਕਿ ਜਿਵੇਂ ਹੀ ਕੋਈ ਇਨਸਾਨ ਯਿਸੂ ਵਿਚ ਵਿਸ਼ਵਾਸ ਲਿਆਉਂਦਾ ਹੈ, ਉਹ ਬਚਾਇਆ ਜਾਂਦਾ ਹੈ।[8] ਉਹ ਸਿਖਾਉਂਦੇ ਹਨ ਕਿ ਬਪਤਿਸਮਾ ਲੈਣਾ *ਚੰਗਾ* ਹੈ, ਪਰ *ਜ਼ਰੂਰੀ* ਨਹੀਂ ਹੈ। ਉਨ੍ਹਾਂ ਦੀ ਸਿੱਖਿਆ ਦੀ ਤਰਤੀਬ ਇਸ ਤਰ੍ਹਾਂ ਵਿਖਾਈ ਦਿੰਦੀ ਹੈ:

(1) ਸਿਖਾਉਣਾ
(2) ਵਿਸ਼ਵਾਸ
(3) ਬਚਾਏ ਜਾਣਾ
(4) ਬਪਤਿਸਮਾ

ਇਕ ਵਾਰ ਫੇਰ, ਇਸ ਨਾਲ ਮਰਕੁਸ 16:15, 16 ਵਿਚ ਦਿੱਤੀ ਯਿਸੂ ਦੀ ਤਰਤੀਬ ਬਦਲ ਜਾਂਦੀ ਹੈ:

| ਯਿਸੂ | ਮਨੁੱਖ (ਅ) |
|---|---|
| (1) ਪ੍ਰਚਾਰ (ਸਿਖਾਉਣਾ) | (1) ਸਿਖਾਉਣਾ |
| (2) ਵਿਸ਼ਵਾਸ | (2) ਵਿਸ਼ਵਾਸ |
| (3) ਬਪਤਿਸਮਾ | (3) ਬਚਾਏ ਜਾਣਾ |
| (4) ਬਚਾਏ ਜਾਣਾ | (4) ਬਪਤਿਸਮਾ |

## ਯਿਸੂ ਦੀਆਂ ਹਦਾਇਤਾਂ ਨੂੰ ਮੰਨਿਆ ਗਿਆ (ਰਸੂਲਾਂ ਦੇ ਕੰਮ 2)

ਉਨ੍ਹਾਂ ਦੇ ਉਲਟ ਜਿਨ੍ਹਾਂ ਨੇ ਅੱਜ ਯਿਸੂ ਦੀ ਤਰਤੀਬ ਨੂੰ ਬਦਲ ਦਿੱਤਾ ਹੈ, ਰਸੂਲਾਂ ਦੇ ਕੰਮ 2 ਅਧਿਆਇ ਵਿਚ ਇਕ ਅਜਿਹੇ ਆਦਮੀ ਦੀ ਉਦਾਹਰਣ ਹੈ, ਜਿਹਨੇ ਮਸੀਹ ਦੁਆਰਾ ਦਿੱਤੀ ਤਰਤੀਬ ਨੂੰ ਬਿਲਕੁਲ ਓਵੇਂ ਹੀ ਮੰਨਿਆ ਸੀ।

**ਕਹਾਣੀ ਦੀ ਸ਼ੁਰੂਆਤ**

ਰਸੂਲਾਂ ਦੇ ਕੰਮ 2 ਵਿਚ ਪਤਰਸ ਨੇ ਪਹਿਲੀ ਵਾਰ ਖ਼ੁਸ਼ਖ਼ਬਰੀ ਦਾ ਭਰਪੂਰੀ ਨਾਲ ਪ੍ਰਚਾਰ ਕੀਤਾ ਸੀ। ਉਹਦਾ ਸੰਦੇਸ਼ ਯਿਸੂ ਤੇ ਕੇਂਦਰਿਤ ਸੀ। ਉਹਦੀ ਸਿੱਖਿਆ ਦਾ ਸਿਖਰ ਰਸੂਲਾਂ ਦੇ ਕੰਮ 2:36 ਵਿਚ ਮਿਲਦਾ ਹੈ: ''ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ ਭਈ ਓਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪ੍ਰਮੇਸ਼ਵਰ ਨੇ ਓਸੇ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ।'' ਯਹੂਦੀਆਂ ਨੇ ਜਦ ਇਹ ਸੁਣਿਆ, ''ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ?'' (ਰਸੂਲਾਂ ਦੇ ਕੰਮ 2:37)।

ਧਿਆਨ ਦਿਓ ਕਿ ਇੱਥੋਂ ਤਕ, ਰਸੂਲਾਂ ਦੇ ਕੰਮ 2 ਵਿਚ ਯਿਸੂ ਵੱਲੋਂ ਠਹਿਰਾਈ ਤਰਤੀਬ ਤੇ ਹੀ ਅਮਲ ਕੀਤਾ ਗਿਆ: (1) *ਵਚਨ* ਸੁਣਾਇਆ ਗਿਆ, ਅਤੇ (2) ਇਸ ਨਾਲ ਲੋਕਾਂ ਨੇ *ਵਿਸ਼ਵਾਸ* ਕੀਤਾ। (ਸ਼ਬਦ ''ਵਿਸ਼ਵਾਸ'' ਆਇਤ 37 ਵਿਚ ਨਹੀਂ ਮਿਲਦਾ, ਪਰ ਜੇ ਸੁਣਨ ਵਾਲੇ ਪਤਰਸ ਦੇ ਸੰਦੇਸ਼ ਤੇ ਵਿਸ਼ਵਾਸ ਨਾ ਕਰਦੇ, ਤਾਂ ਉਨ੍ਹਾਂ ਦੇ ''ਦਿਲ ਛਿਦ'' ਨਹੀਂ ਸਕਦੇ ਸਨ।)

ਪਤਰਸ ਦੇ ਸੁਣਨ ਵਾਲਿਆਂ ਵਿੱਚੋਂ ਲੋਕਾਂ ਨੇ ਜਾਣਨਾ ਚਾਹਿਆ ਸੀ ਕਿ ਉਨ੍ਹਾਂ ਦੇ ਬਚਾਏ ਜਾਣ ਲਈ ਪ੍ਰਮੇਸ਼ਵਰ ਦੀ ਯੋਜਨਾ ਵਿਚ ਅੱਗੇ ਕੀ ਹੈ। ਪਤਰਸ ਨੂੰ ਯਿਸੂ ਦੇ ਨਮੂਨੇ ਦਾ ਪਾਲਨ ਕਰਨ ਲਈ, ਉਨ੍ਹਾਂ ਨੂੰ ਕੀ ਦੱਸਣਾ ਜ਼ਰੂਰੀ ਸੀ? ਉਹਦੇ ਲਈ ਦੱਸਣਾ ਜ਼ਰੂਰੀ ਸੀ ਕਿ (3) *ਬਪਤਿਸਮਾ* ਲਓ (4) ਤਾਂ ਜੋ ਤੁਸੀਂ *ਬਚਾਏ* ਜਾਓ। ਆਓ ਵੇਖਦੇ ਹਾਂ ਕਿ ਉਹਨੇ ਇਵੇਂ ਹੀ ਕੀਤਾ:

''ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ [4] ਪਾਪਾਂ ਦੀ ਮਾਫ਼ੀ ਦੇ ਲਈ [3] ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕੰਮ 2:38)। (''ਪਾਪਾਂ ਦੀ ਮਾਫ਼ੀ'' ਪਾਉਣਾ ਪਾਪਾਂ ਤੋਂ ਮੁਕਤੀ ਪਾਉਣ ਵਾਂਗ ਹੀ ਹੈ। ਇੱਥੇ ਤਰਤੀਬ ਨੂੰ ਉਲਟਾ ਕੀਤਾ ਗਿਆ ਹੈ ਕਿਉਂਕਿ ਪੰਜਾਬੀ ਵਾਕ ਵਿਚ ਲਿਖਣ ਵਿਚ ਤਾਂ ਪਾਪਾਂ ਦੀ ਮਾਫ਼ੀ ਪਹਿਲਾਂ ਆਉਂਦਾ ਹੈ ਪਰ

ਵਰਤਣ ਵਿਚ ''ਪਾਪਾਂ ਦੀ ਮਾਫ਼ੀ'' ਦੇ ਲਈ ''ਬਪਤਿਸਮਾ'' ਦਾ ਅਰਥ ਹੈ ਕਿ ਬਪਤਿਸਮਾ ਲੈਣ ਨਾਲ ਹੀ ਪਾਪਾਂ ਦੀ ਮਾਫ਼ੀ ਹੋਵੇਗੀ।) ਫਿਰ, ਅਸੀਂ ਵੇਖਦੇ ਹਾਂ ਕਿ ਪਤਰਸ ਨੇ ਯਿਸੂ ਦੇ ਹੁਕਮਾਂ ਦੀ ਪਾਲਣਾ ਕੀਤੀ:

| ਯਿਸੂ | | ਪਤਰਸ |
|---|---|---|
| (1) ਪ੍ਰਚਾਰ (ਸਿਖਾਉਣਾ) | ———— | (1) ਪ੍ਰਚਾਰ (ਸਿਖਾਉਣਾ) |
| (2) ਵਿਸ਼ਵਾਸ | ———— | (2) ਵਿਸ਼ਵਾਸ |
| (3) ਬਪਤਿਸਮਾ | ———— | (3) ਬਪਤਿਸਮਾ |
| (4) ਬਚਾਏ ਜਾਣਾ | ———— | (4) ਬਚਾਏ ਜਾਣਾ |

**ਬਾਕੀ ਕਹਾਣੀ**

ਆਓ ਹੁਣ ਬਾਕੀ ਕਹਾਣੀ ਵੇਖਦੇ ਹਾਂ: ਵਿਸ਼ਵਾਸ ਕਰਨ ਵਾਲਿਆਂ ਨੂੰ ਤੌਬਾ ਕਰਨ ਅਤੇ ਬਪਤਿਸਮਾ ਲੈਣ ਦਾ ਮਹੱਤਵ ਦੱਸਣ ਦੇ ਬਾਅਦ ਪਤਰਸ ਨੇ ਉਨ੍ਹਾਂ ਨੂੰ ਪ੍ਰਭੂ ਦਾ ਹੁਕਮ ਮੰਨਣ ਲਈ ਪ੍ਰੇਰਿਆ। ਉਸ ਨੇ ਕਿਹਾ, ''ਕਿਉਂਕਿ ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਉਨ੍ਹਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪ੍ਰਮੇਸ਼ਵਰ ਆਪਣੇ ਕੋਲ ਬੁਲਾਵੇ'' (ਰਸੂਲਾਂ ਦੇ ਕੰਮ 2:39)। ਇੱਥੇ ''ਉਨ੍ਹਾਂ ਸਭਨਾਂ ਨਾਲ ਜਿਹੜੇ ਦੂਰ ਹਨ'' ਤੋਂ ਭਾਵ ਗੈਰ ਯਹੂਦੀ ਹੈ। ਪ੍ਰਮੇਸ਼ਵਰ ਦੀ ਇਹ ਯੋਜਨਾ ਸਭ ਲੋਕਾਂ ਲਈ ਸੀ। ਅੱਗੇ ਅਸੀਂ ਪੜ੍ਹਦੇ ਹਾਂ ਕਿ ''ਹੋਰ ਵੀ ਬਹੁਤੀਆਂ ਗੱਲਾਂ ਨਾਲ ਉਹ ਨੇ ਸਾਖੀ ਦਿੱਤੀ ਅਤੇ ਉਪਦੇਸ਼ ਕੀਤਾ ਭਈ ਆਪਣੇ ਆਪ ਨੂੰ ਇਸ ਗੱਲ ਕੱਬੀ ਪੀੜ੍ਹੀ ਕੋਲੋਂ ਬਚਾਓ'' (ਰਸੂਲਾਂ ਦੇ ਕੰਮ 2:40)।

ਆਇਤ 41 ਕਹਿੰਦੀ ਹੈ ਕਿ ''ਜਿਨ੍ਹਾਂ ਉਹਦੀ ਗੱਲ ਮੰਨ ਲਈ ਉਨ੍ਹਾਂ ਨੇ ਬਪਤਿਸਮਾ ਲਿਆ,'' ਅਤੇ ਫਿਰ ਦੱਸਦੀ ਹੈ, ''ਅਤੇ ਓਸੇ ਦਿਨ ਤਿੰਨ ਕੁ ਹਜ਼ਾਰ ਜਣੇ ਉਨ੍ਹਾਂ ਵਿਚ ਰਲ ਗਏ।'' ਜਿਨ੍ਹਾਂ ਬਪਤਿਸਮਾ ਲਿਆ ਸੀ ਅਤੇ ਜਿਹੜੇ ਇਸ ਤਰ੍ਹਾਂ ''ਰਲ ਗਏ'' ਸਨ, ਉਨ੍ਹਾਂ ਨੂੰ ਆਪਣੇ ਪਾਪਾਂ ਤੋਂ ਮਾਫ਼ੀ ਮਿਲ ਗਈ ਸੀ। ਆਇਤ 47 ਕਹਿੰਦੀ ਹੈ ਕਿ ''ਪ੍ਰਭੂ ਦਿਨੋਂ ਦਿਨ ਉਨ੍ਹਾਂ ਨੂੰ ਜਿਹੜੇ ਬਚਾਏ ਜਾਂਦੇ ਸਨ ਉਨ੍ਹਾਂ ਵਿਚ ਰਲਾਉਂਦਾ ਸੀ।'' ''ਉਨ੍ਹਾਂ ਵਿਚ'' ਉਨ੍ਹਾਂ ਨੂੰ ਕਿਹਾ ਗਿਆ ਹੈ ਜਿਹੜੇ ਬਚਾਏ ਗਏ ਸਨ। ਦੂਜੇ ਸ਼ਬਦਾਂ ਵਿਚ, ਇਹ ਕਲੀਸੀਆ ਹੀ ਸੀ ਜਿਹੜੀ ਬਚਾਏ ਹੋਏ ਲੋਕਾਂ ਦੀ ਦੇਹ ਹੈ (ਅਫ਼ਸੀਆਂ 5:23, 25)। [ਅੰਗ੍ਰੇਜ਼ੀ ਦੇ ਕਿੰਗ ਜੇਮਸ ਵਾਲੇ ਅਨੁਵਾਦ ਵਿਚ ਆਇਤ 47 ਵਿਚ ''ਉਨ੍ਹਾਂ ਵਿਚ'' ਦੀ ਥਾਂ ''ਕਲੀਸੀਆ'' ਲਈ ''ਚਰਚ'' ਸ਼ਬਦ ਵਰਤਿਆ ਗਿਆ ਹੈ- ਅਨੁਵਾਦਕ।]

ਵਾਕਾਂਸ਼ ''ਪ੍ਰਭੂ ... ਉਨ੍ਹਾਂ ਵਿਚ ਰਲਾਉਂਦਾ ਸੀ'' ਤੇ ਵਿਚਾਰ ਕਰੋ। ਲੋਕ ''ਚਰਚ ਦੀ ਮੈਂਬਰਸ਼ਿਪ ਲੈਣ'' ਦੀ ਗੱਲ ਕਰਦੇ ਹਨ। ਤੁਸੀਂ ਮਨੁੱਖਾਂ ਦੀ ਬਣਾਈ ਕਿਸੇ ਚਰਚ ਜਾਂ ਕਲੀਸੀਆ ਨੂੰ ਜਾਇਨ ਕਰ ਸਕਦੇ ਹੋ, ਪਰ ਪ੍ਰਭੂ ਦੀ ਕਲੀਸੀਆ ਨੂੰ ਤੁਸੀਂ ਜਾਇਨ ਨਹੀਂ ਕਰ ਸਕਦੇ। ''ਮੈਂਬਰਸ਼ਿਪ ਲੈਣ'' ਅਤੇ ''ਰਲਾਉਣ'' ਵਿਚ ਫ਼ਰਕ ਹੈ: ਜਦ ਕੋਈ ਕਿਸੇ ਸੰਗਠਨ ਦੀ *ਮੈਂਬਰਸ਼ਿਪ* ਲੈਂਦਾ ਹੈ, ਤਾਂ ਉਹਦਾ ਅਰਥ ਹੈ ਕਿ *ਉਹ* ਕੁਝ ਕਰ ਰਿਹਾ ਹੈ। ਜਦ ਉਹ ਕਿਸੇ ਸੰਗਠਨ ਵਿਚ *ਰਲਾਇਆ* ਜਾਂ ਮਿਲਾਇਆ ਜਾਂਦਾ ਹੈ ਤਾਂ ਇਹਦਾ ਅਰਥ ਹੈ ਕਿ *ਉਹਦੇ ਲਈ ਕਿਸੇ ਨੇ* ਕੁਝ *ਕੀਤਾ* ਹੈ। ਕਿਉਂਕਿ ਕੋਈ ਆਪਣੇ ਬਚਾਏ ਜਾਣ ਜਾਂ ਮੁਕਤੀ ਨੂੰ ਕਮਾ ਨਹੀਂ

ਸਕਦਾ, ਇਸ ਲਈ ਬਚਾਏ ਹੋਇਆਂ ਦੀ ਦੇਹ ਵਿਚ *ਮੈਂਬਰਸ਼ਿਪ* ਨਹੀਂ ਲਈ ਜਾ ਸਕਦੀ। ਇਹਦੇ ਉਲਟ, ਪ੍ਰਭੂ ਦੀ ਕਲੀਸੀਆ ਦੇ ਮੈਂਬਰ ਨੂੰ ਪ੍ਰਭੂ ਵੱਲੋਂ ਹੀ *ਮਿਲਾਇਆ ਜਾਣਾ* ਜ਼ਰੂਰੀ ਹੈ, ਜੋ ਆਪਣੀ ਕਿਰਪਾ ਅਤੇ ਦਇਆ ਨਾਲ ਬਚਾਉਂਦਾ ਹੈ!

ਬਹੁਤ ਸਾਰੇ ਸੰਗਠਨਾਂ ਵਿਚ, ਬਚਾਏ ਜਾਣ ਅਤੇ ਕਲੀਸੀਆ ਦਾ ਮੈਂਬਰ ਬਣਨ ਨੂੰ ਦੋ ਵੱਖੋ-ਵੱਖ ਕੰਮ ਮੰਨਿਆ ਜਾਂਦਾ ਹੈ। ਪ੍ਰਭੂ ਦੀ ਕਲੀਸੀਆ ਵਿਚ ਇੰਜ ਨਹੀਂ ਹੈ। ਜੋ ਕਿਸੇ ਨੂੰ ਬਚਾਉਂਦਾ ਹੈ ਉਹੀ ਉਸ ਨੂੰ ਕਲੀਸੀਆ ਦਾ ਮੈਂਬਰ ਬਣਾਉਂਦਾ ਹੈ! ਜੋ ਉਸ ਨੂੰ ਕਲੀਸੀਆ ਦਾ ਮੈਂਬਰ ਬਣਾਉਂਦਾ ਹੈ ਉਹੀ ਉਹ ਨੂੰ ਬਚਾਉਂਦਾ ਵੀ ਹੈ। ਬਚਾਏ ਜਾਣ ਵਾਲੇ ਹਰ ਸ਼ਖ਼ਸ ਨੂੰ ਪ੍ਰਭੂ ਆਪ ਆਪਣੀ ਕਲੀਸੀਆ ਵਿਚ ਮਿਲਾਉਂਦਾ ਹੈ।

ਵਿਚਾਰ ਅਧੀਨ ਸਵਾਲ (''ਬਪਤਿਸਮਾ ਕਿਉਂ ਲਿਆ ਜਾਵੇ?'') ਤੇ ਵਾਪਸ ਆਉਂਦੇ ਹੋਏ ਇਕ ਪਲ ਲਈ ਰਸੂਲਾਂ ਦੇ ਕੰਮ 2:38, 41, 47 ਤੇ ਫੇਰ ਵਿਚਾਰ ਕਰੋ। ਬਚਾਏ ਜਾਣ ਦੀ ਇੱਛਾ ਕਰਨ ਵਾਲਿਆਂ ਨੂੰ ਕੁਝ ਖ਼ਾਸ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। *ਬੀਤੇ* ਜੀਵਨ ਦੀ ਚੁਣੌਤੀ ਹੈ: ਉਹ ਵੀ ਆਪਣੀ ਪਿਛਲੀ ਜ਼ਿੰਦਗੀ ਵਿਚ ਕੀਤੇ ਪਾਪਾਂ ਦੇ ਦੋਸ਼ ਤੋਂ ਰਾਹਤ ਕਿਵੇਂ ਪਾ ਸਕਦਾ ਹੈ? *ਵਰਤਮਾਨ* ਦੀ ਚੁਣੌਤੀ ਹੈ: ਉਹ ਹਰ ਰੋਜ਼ ਜੀਉਣ ਲਈ ਸ਼ਕਤੀ ਕਿੱਥੋਂ ਪਾ ਸਕਦਾ ਹੈ? *ਭਵਿੱਖ* ਦੀ ਚੁਣੌਤੀ ਹੈ: ਉਹ ਮੌਤ ਤਕ ਵਫ਼ਾਦਾਰ ਰਹਿ ਕੇ ਹਮਾਇਤ ਕਿੱਥੋਂ ਪਾ ਸਕਦਾ ਹੈ? ਬਪਤਿਸਮੇ ਵੇਲੇ ਪ੍ਰਮੇਸ਼ਵਰ ਉਨ੍ਹਾਂ ਚੁਣੌਤੀਆਂ ਨੂੰ ਪੂਰਾ ਕਰਨ ਲਈ ਉਸ ਨੂੰ ਜ਼ਰੂਰੀ ਮਦਦ ਮੁਹੱਈਆ ਕਰਵਾਉਂਦਾ ਹੈ:

- *ਬੀਤੇ ਜੀਵਨ* ਦੀ ਚੁਣੌਤੀ: ਬਪਤਿਸਮਾ ਲੈਣ ਵਾਲੇ ਨੂੰ ''(ਆਪਣੇ) ਪਾਪਾਂ ਤੋਂ ਮਾਫ਼ੀ'' ਮਿਲਦੀ ਹੈ। ਦੋਸ਼ ਜਾਂ ਪਾਪਾਂ ਦਾ ਬੋਝ ਉੱਤਰਨਾ ਕਿੰਨੀ ਵੱਡੀ ਗੱਲ ਹੈ!
- *ਵਰਤਮਾਨ* ਦੀ ਚੁਣੌਤੀ: ਉਹਨੂੰ ਹਰ ਰੋਜ਼ ਜੀਉਣ ਵਿਚ ਮਦਦ ਲਈ ਪ੍ਰਮੇਸ਼ਵਰ ਦਾ ਆਤਮਾ ਮਿਲਦਾ ਹੈ। ਪਵਿੱਤਰ ਆਤਮਾ, ਬਪਤਿਸਮਾ ਲੈਣ ਵਾਲੇ ਹਰ ਮਨੁੱਖ ਨੂੰ, ਬਪਤਿਸਮੇ ਸਮੇਂ ਮਿਲਣ ਵਾਲਾ ਦਾਨ ਹੈ। ਇਸ ਦਾਨ ਨਾਲ ਬਪਤਿਸਮਾ ਲੈਣ ਵਾਲਾ ਮੋਅਜਜ਼ੇ ਕਰਨ ਦੇ ਯੋਗ ਤਾਂ ਨਹੀਂ ਬਣਦਾ, ਪਰ ਇਸ ਨਾਲ ਉਹਨੂੰ ਮਸੀਹੀ ਜੀਵਨ ਜੀਉਣ ਲਈ ਲੋੜੀਂਦੀ ਸ਼ਕਤੀ ਮਿਲਦੀ ਹੈ (ਵੇਖੋ ਰੋਮੀਆਂ 8, ਖ਼ਾਸ ਕਰਕੇ 13 ਅਤੇ 26 ਆਇਤਾਂ)।[9]
- *ਭਵਿੱਖ* ਦੀ ਚੁਣੌਤੀ: ਉਹ ਆਪਣੇ ਆਪ ਪ੍ਰਭੂ ਦੇ ''ਹਮਾਇਤੀ ਸਮੂਹ'' ਅਰਥਾਤ ਕਲੀਸੀਆ ਦਾ ਅੰਗ ਬਣ ਜਾਂਦਾ ਹੈ। ਮਸੀਹ ਵਿਚ ਉਹਦੇ ਭਾਈ ਅਤੇ ਭੈਣਾਂ ਹਨ ਜੋ ਉਸ ਨਾਲ ਪਿਆਰ ਕਰਦੇ ਹਨ ਅਤੇ ਜੋ ਉਹਦੀ ਮਦਦ ਕਰਨਗੇ।

ਬਪਤਿਸਮਾ ਲੈਣ ਦੀ ਇੱਛਾ ਰੱਖਣ ਵਾਲੇ ਲਈ ਇਨ੍ਹਾਂ ਬਰਕਤਾਂ ਵਿੱਚੋਂ ਕੋਈ ਵੀ ਇਕ ਕਾਫ਼ੀ ਹੋਵੇਗੀ ਪਰ ਪ੍ਰਭੂ ਉਹਨੂੰ ਇਹ ਤਿੰਨੇ ਬਰਕਤਾਂ ਦਿੰਦਾ ਹੈ!

## ਸਾਰ

ਅਗਲੇ ਪਾਠ ਵਿਚ, ਅਸੀਂ ''ਬਪਤਿਸਮਾ ਲੈਣਾ ਜ਼ਰੂਰੀ ਕਿਉਂ ਹੈ?'' ਦੇ ਸਵਾਲ ਦੇ ਆਪਣੇ ਅਧਿਐਨ ਨੂੰ ਪੂਰਾ ਕਰਦੇ ਹੋਏ ਇਸ ਦੇ ''ਕਿਸ ਨੂੰ?'' ਅਤੇ ''ਕਿਵੇਂ?'' ਤੇ ਵਿਚਾਰ

ਕਰਾਂਗੇ। ਅਜੇ, ਉਨ੍ਹਾਂ ਬਰਕਤਾਂ ਤੇ ਵਿਚਾਰ ਕਰੋ ਜਿਹੜੀਆਂ ਪ੍ਰਮੇਸ਼ਵਰ ਉਨ੍ਹਾਂ ਲੋਕਾਂ ਤੇ ਵਰ੍ਹਾਉਂਦਾ ਹੈ ਜਿਹੜੇ ਵਚਨ ਦੇ ਅਨੁਸਾਰ ਬਪਤਿਸਮਾ ਲੈਂਦੇ ਹਨ। ਕੀ ਤੁਸੀਂ ਇਹ ਤਿੰਨੇ ਬਰਕਤਾਂ ਲੈਣੀਆਂ ਚਾਹੋਗੇ?

---

ਟਿੱਪਣੀਆਂ

[1]ਇਹ ਸ਼ਾਇਦ ਯੂਨਾਨੀ ਸ਼ਬਦ ਦੇ ਜ਼ੋਰ ਤੋਂ ਬਚਣ ਲਈ ਕੀਤਾ ਗਿਆ ਹੋਵੇਗਾ: ਯੂਨਾਨੀ ਸ਼ਬਦ ਦਾ ਅਰਥ ''ਡੁਬਾਉਣਾ'' ਹੈ, ਪਰ ਅਨੁਵਾਦ ਕਰਨ ਵਾਲੇ ਛਿੱਟੇ ਦੀ ਵਰਤੋਂ ਕਰਦੇ ਸਨ। [2]ਅਧਿਐਨ ਵਿਚ ਮੈਂ ਤੁਹਾਨੂੰ ਕੁਝ ਅਸਾਨ ਯੂਨਾਨੀ ਪਾਠ ਦੱਸਾਂਗਾ। ਉਮੀਦ ਹੈ ਕਿ ਇਹ ਜ਼ਿਆਦਾ ਔਖਾ ਨਹੀਂ ਹੋਵੇਗਾ। [3]''ਚੇਲਾ'' ਸ਼ਬਦ ਦਾ ਅਰਥ ਹੈ ''ਸਿੱਖਣ ਵਾਲਾ।'' ਕਿਸੇ ਨੂੰ *ਸਿਖਾ ਕੇ* ਹੀ ''ਚੇਲਾ'' ਬਣਾਇਆ ਜਾਂਦਾ ਹੈ। [4]ਜ਼ਿਆਦਾਤਰ ਅਨੁਵਾਦਾਂ ਵਿਚ ਮਰਕੁਸ 16: 15, 16 ਮਿਲਦਾ ਹੈ। ਪਰ ਕਈ ਇਸ ਆਇਤ ਨੂੰ ਬ੍ਰੈਕਟਾਂ ਵਿਚ ਅਤੇ ਇਕ ਦੋ ਅਨੁਵਾਦਾਂ ਵਿਚ ਹੇਠਾਂ ਟਿੱਪਣੀਆਂ ਵਿਚ ਦਿੰਦੇ ਹਨ। ਅਜਿਹਾ ਇਸ ਲਈ ਹੈ ਕਿਉਂਕਿ ਮਰਕੁਸ 16 ਅਧਿਆਇ ਦੇ ਸਹੀ ਅੰਤ ਬਾਰੇ ਕੁਝ ਵਿਵਾਦ ਹਨ। ਜੋ ਵੀ ਹੋਵੇ, ਜ਼ਿਆਦਾਤਰ ਵਿਦਵਾਨ ਇਸ ਨਾਲ ਸਹਿਮਤ ਹਨ ਕਿ ਮਰਕੁਸ 16: 15, 16 ਦੇ ਜਿਹੜੇ ਸ਼ਬਦ ਯਿਸੂ ਦੇ ਮੰਨੇ ਜਾਂਦੇ ਹਨ, ਉਹ ਯਿਸੂ ਨੇ ਹੀ ਕਹੇ ਸਨ। [5]ਉਨ੍ਹਾਂ ਵਿੱਚੋਂ ਇਹ ਸਿੱਖਿਆ ਦੇਣ ਵਾਲੇ ਜ਼ਿਆਦਾਤਰ ਲੋਕ ਅਸਲ 'ਚ ਬੱਚਿਆਂ ਨੂੰ ਬਪਤਿਸਮਾ ਨਹੀਂ ਦਿੰਦੇ। ਉਹ ਬੱਚਿਆਂ ਨੂੰ ਡੁਬਕੀ ਦੇਣ ਦੀ ਬਜਾਏ ਉਨ੍ਹਾਂ ਉੱਤੇ ਪਾਣੀ ਛਿੜਕਦੇ ਜਾਂ ਡੋਲ੍ਹਦੇ ਹਨ। ਪਰ ਉਹ ਇਸ ਰੀਤ ਨੂੰ ''ਬਪਤਿਸਮਾ'' ਕਹਿੰਦੇ ਹਨ। [6]ਇਹ ਹੈਰਾਨ ਕਰਨ ਵਾਲਾ ਵਿਚਾਰ ਹੈ, ਇਸ ਲਈ ਉਨ੍ਹਾਂ ਨੇ ਬਪਤਿਸਮਾ ਨਾ ਪਾਉਣ ਵਾਲੇ ਬੱਚਿਆਂ ਦੀਆਂ ਆਤਮਾਵਾਂ ਦੇ ਜਾਣ ਲਈ ਇਕ ਥਾਂ ਲੱਭ ਲਈ ਜਿਹੜੀ ਨਰਕ ਜਿੰਨੀ ਬੁਰੀ ਨਹੀਂ ਹੈ। ਇਸ ਥਾਂ ਨੂੰ, ਜੋ ਬਾਈਬਲ ਤੋਂ ਬਾਹਰ ਹੈ, ''ਲਿੰਬੋ'' ਕਿਹਾ ਜਾਂਦਾ ਹੈ। [7]''ਕੰਨਫ਼ਰਮੇਸ਼ਨ'' ਜਾਂ ਮਖ਼ਸੂਸ ਕਰਨ ਦੀ ਗੱਲ ਬਾਈਬਲ ਤੋਂ ਬਾਹਰ ਦੀ ਇਕ ਹੋਰ ਰਵਾਇਤ ਹੈ। ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਅਤੇ ਰਵਾਇਤਾਂ ਵੱਧਦੀਆਂ ਜਾ ਰਹੀਆਂ ਲਗਦੀਆਂ ਹਨ। [8]ਕਈ ਵਾਰ ਲੋਕਾਂ ਨੂੰ ਇਹ ਦੁਹਰਾਉਣ ਲਈ ਕਿਹਾ ਜਾਂਦਾ ਹੈ ਜਿਸ ਨੂੰ ''ਪਾਪੀ ਦੀ ਦੁਆ'' ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਕੋਈ ਦੁਆ ਜਾਂ ਧਾਰਣਾ ਬਾਈਬਲ ਵਿਚ ਨਹੀਂ ਮਿਲਦੀ। [9]ਇਹ ਕਹਿਣਾ ਕਿ ਪਵਿੱਤਰ ਆਤਮਾ ਸਾਡੀ ਮਦਦ ਕਰਦਾ ਹੈ, ਉਵੇਂ ਹੀ ਹੈ ਜਿਵੇਂ ਇਹ ਕਹਿਣਾ ਕਿ ਪ੍ਰਮੇਸ਼ਵਰ ਸਾਡੀ ਮਦਦ ਕਰਦਾ ਹੈ। ਜੇ ਆਤਮਾ ਦੇ ਕੰਮ ਬਾਰੇ ਤੁਹਾਡੀ ਦਿਲਚਸਪੀ ਹੈ ਤਾਂ ਜਿਸ ਆਦਮੀ ਨੇ ਤੁਹਾਨੂੰ ਇਹ ਕਿਤਾਬ ਦਿੱਤੀ ਹੈ ਉਸ ਨਾਲ ਗੱਲ ਕਰੋ। ਉਹ ਤੁਹਾਡੇ ਸਵਾਲਾਂ ਦੇ ਜਵਾਬ ਲੱਭਣ ਵਿਚ ਤੁਹਾਡੀ ਮਦਦ ਕਰੇਗਾ, ਪਰ ਹੋ ਸਕਦਾ ਹੈ ਕਿ ਉਹ ਚਾਹੇ ਕਿ ਪਹਿਲਾਂ ਤੁਸੀਂ ਇਸ ਮੁਢਲੇ ਅਧਿਐਨ ਨੂੰ ਪੂਰਾ ਕਰ ਲਓ।